# ਖ਼ੁਲਾਸਾ ਖ਼ੁਤਬਾ ਜੁਮਅਾ 17 .10.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਅਕਤੂਬਰ ਸਨ 2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਜਮਾਤ ਅਹਮਦੀਆ ਵਿੱਚ ਇਹ ਇਕ ਵਾਕ ਹਰ ਅਹਮਦੀ ਪੁਰਸ਼ ਇਸਤਰੀ ਤੇ ਛੋਟਾ ਵੱਡਾ ਜਾਣਦਾ ਹੈ ਕਿ "ਮੈਂ ਧਰਮ ਨੂੰ ਦੁਨੀਆ'ਤੇ ਮੁਕਦੱਮ ਰਖਾਂਗਾ" । ਇਸ ਲਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਵੀ ਸਾਨੂੰ ਇਸ ਵੱਲ ਧਿਆਨ ਦੁਆਇਆ ਹੈ ਅਤੇ ਸਾਡੇ ਭਾਸ਼ਣ ਕਰਤਾ ਵੀ ਆਪਣੇ ਭਾਸ਼ਣਾ ਵਿੱਚ, ਲੇਖਣੀਆਂ ਵਿੱਚ, ਖ਼ਲੀਫ਼ਾ ਸਾਹਿਬਾਨ ਦੇ ਭਾਸ਼ਣਾ ਵਿੱਚ ਆਮ ਤੋਰ'ਤੇ ਇਸ ਵਾਕ ਦੀ ਵਰਤੋਂ ਹੁੰਦੀ ਹੈ । ਬੈਅਤ ਦੀਆਂ ਸ਼ਰਤਾ ਦਾ ਸਾਰ ਵੀ ਇਹੋ ਹੈ ਕਿ ਧਰਮ ਨੂੰ ਦੁਨੀਆਂ'ਤੇ ਮਹਤੱਵ ਦਿਆਂਗਾ । ਇਸੇ ਪ੍ਰਕਾਰ ਅਧੀਨ ਤਨਜ਼ੀਮਾ ਦੇ ਜੋ ਅਹੁਦੇਦਾਰ ਹਨ ਉਹਨਾਂ ਦਾ ਸਾਰ ਵੀ ਇਹੋ ਹੈ ਕਿ ਦੀਨ ਨੂੰ ਦੁਨੀਆ'ਤੇ ਮੁਕਦੱਮ ਰੱਖਾਂਗਾ । ਇਸੇ ਪ੍ਰਕਾਰ ਬੈਅਤ ਦੇ ਸ਼ਬਦਾਂ ਵਿੱਚ ਵੀ ਅਸੀਂ ਇਹਨਾਂ ਸ਼ਬਦਾਂ ਨੂੰ ਦਹੁਰਾਉਂਦੇ ਹਾਂ । ਭਾਵ ਇਹ ਕਿ ਇਹ ਵਾਕ ਹਰ ਅਹਮਦੀ ਦਾ ਪ੍ਰਣ ਹੈ ਜਿਸ'ਤੇ ਉਸ ਦੀ ਬਐਤ ਦਾ ਆਧਾਰ ਹੈ । ਖ਼ਿਲਾਫ਼ਤ ਨਾਲ ਤੇ ਨਿਜ਼ਾਮੇ ਜਮਾਤ ਨਾਲ ਜੁੜੇ ਰਹਿਣ ਦਾ ਆਧਾਰ ਹੈ । ਜੇਕਰ ਇਹ ਨਹੀਂ ਤਾਂ ਫਿਰ ਬਐਤ ਦਾ ਦਾਵਾ ਹੀ ਨਿਜ਼ਾਮ ਨਾਲ ਜੁੜੇ ਰਹਿਣ ਦਾ ਗ਼ਲਤ ਹੋ ਜਾਂਦਾ ਹੈ, ਖ਼ਿਲਾਫ਼ਤ ਨਾਲ ਸੰਬੰਧਤ ਰਹਿਣ ਦਾ ਦਾਵਾ ਗ਼ਲਤ ਹੋ ਜਾਂਦਾ ਹੈ ਅਤੇ ਬੈਅਤ ਦਾ ਐਲਾਨ ਤੇ ਰੱਬ ਦੀ ਰਜ਼ਾ ਹਾਸਲ ਕਰਨ ਦੀਆਂ ਗੱਲਾਂ ਕੇਵਲ ਮੂੰਹ ਦੀਆਂ ਗੱਲਾਂ ਰਹਿ ਜਾਂਦੀਆਂ ਹਨ । ਇਸੇ ਲਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਕ ਥਾਂ ਫ਼ਰਮਾਇਆ ਕਿ ਜੇਕਰ ਕੋਈ ਬੈਅਤ ਵਿੱਚ ਤਾਂ ਇਹ ਇਕਰਾਰ ਕਰਦਾ ਹੈ ਕਿ ਮੈਂ ਦੀਨ ਨੂੰ ਦੁਨੀਆ'ਤੇ ਮੁਕਦੱਮ ਰੱਖਾਂਗਾ ਪਰ ਅਮਲਾਂ ਰਾਹੀ ਉਹ ਇਸ ਪ੍ਰਣ ਦੀ ਸਚੱਾਈ ਤੇ ਵਫ਼ਾਦਾਰੀ ਪ੍ਰਗਟ ਨਹੀਂ ਕਰਦਾ ਤਾਂ ਉਸ ਦੀ ਰੱਬ ਨੂੰ ਕੀ ਪਰਵਾਹ ਹੈ ।

ਸੋ, ਸਾਡੇ ਵਿੱਚੋਂ ਹਰ ਇਕ ਨੂੰ ਇਸ ਗੱਲ ਨੂੰ ਹਰ ਸਮੇਂ ਆਪਣੇ ਧਿਆਨ ਵਿੱਚ ਰੱਖਣ ਦੀ ਲੋੜ ਹੈ ਜਿਵੇਂ ਕਿ ਇਸ ਵਾਕ ਤੋਂ ਸਪਸ਼ਟ ਹੈ ਕਿ ਧਰਮ ਦੇ ਮਾਮਲੇ ਵਿੱਚ ਕੋਈ ਸੰਸਾਰਕ ਚੀਜ ਰੋਕ ਨਹੀਂ ਬਨਣੀ ਚਾਹੀਦੀ । ਧਰਮ ਕੀ ਹੈ, ਰੱਬ ਦੇ ਹੁਕਮਾ ਅਧੀਨ ਹੋਕੇ ਆਪਣਾ ਜੀਵਨ ਲੰਘਾਉਣਾ ਹੈ । ਆਪਣੀ ਹਰ ਇਕ ਕਹਿਣੀ ਤੇ ਕਰਣੀ ਨਾਲ ਰੱਬ ਨੂੰ ਰਾਜ਼ੀ ਕਰਨਾ । ਸੋ, ਇਸ ਪ੍ਰਣ ਨੂੰ ਪੂਰਾ ਕਰਨ ਲਈ ਮੁਢੱਲੀ ਚੀਜ ਨੇਕ ਨੀਤੀ ਹੈ । ਇਸ ਵਿੱਚ ਕਿਸੇ ਪ੍ਰਕਾਰ ਦਾ ਬਹਾਨਾ ਜਾਂ ਉਜ਼ਰ ਨਹੀਂ ਹੋਣਾ ਚਾਹੀਦਾ । ਸੰਸਾਰਕ ਮਾਮਲਿਆਂ ਵਿੱਚ ਅਸੀਂ ਦੇਖਦੇ ਹਾਂ ਕਿ ਹਰ ਮਨੁੱਖ ਦਾ ਦਾਇਰਾ ਭਿੰਨ ਹੁੰਦਾ ਹੈ ਕਿਸੇ ਦੇ ਜਤਨ ਸੀਮਤ ਦਾਇਰੇ ਵਿੱਚ ਹੁੰਦੇ ਹਨ ਕਿਉਂਕਿ ਉਸ ਦਾ ਗਿਆਨ ਤੇ ਯੋਗਤਾ ਉਸ ਚੀਜ਼ ਨੂੰ ਪ੍ਰਾਪਤ ਕਰਨ ਲਈ ਸੀਮਤ ਹੈ ਜਾਂ ਕਈ ਵਾਰ ਇਹ ਵੀ ਹੁੰਦਾ ਹੈ ਕਿ ਦੂਜੀਆਂ ਮਹਤੱਵਕਾਂਸ਼ਾਵਾਂ ਉਸ ਕਾਰਜ ਵਿੱਚ ਰੋਕ ਬਣ ਰਹੀਆਂ ਹੁੰਦੀਆਂ ਹਨ, ਉਸ ਨੂੰ ਸੀਮਤ ਕਰ ਦਿੰਦੀਆਂ ਹਨ ਅਤੇ ਕਿਸੇ ਦੇ ਜਤਨ ਬਹੁਤ ਅਧਿਕ ਹੁੰਦੇ ਹਨ ਅਤੇ ਉਚਿਤ ਢੰਗ ਵਿੱਚ ਹੁੰਦੇ ਹਨ । ਜਿਸ ਮੰਤਵ ਨੂੰ ਪਾਉਂਣਾ ਹੋਵੇ ਕੇਵਲ ਉਸੇ'ਤੇ ਨਜ਼ਰ ਹੁੰਦੀ ਹੈ ਅਤੇ ਫਿਰ ਉਸ ਨੂੰ ਪੂਰਨ ਰੂਪ ਵਿੱਚ ਹਾਸਲ ਵੀ ਹੋ ਜਾਂਦਾ ਹੈ । ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਵੀ ਇਸ ਵਿਸ਼ੇ ਨੂੰ ਵਰਨਣ ਕੀਤਾ ਹੈ । ਜਿਸ ਤੋਂ ਲਾਭ ਉਠਾਉਂਦਿਆਂ ਹੋਇਆਂ ਇਸ ਦੇ ਚਾਨ੍ਹਣੇ ਵਿੱਚ ਮੈਂ ਕੁਝ ਵਰਨਣ ਕਰਾਂਗਾ ਜੋ ਕਿ ਵਿਸ਼ੇਸ਼ ਘਟਨਾਵਾਂ ਹਨ । ਸੀਮਤ ਖੇਤਰ ਦੇ ਜਤਨ ਅਤੇ ਟੀਚੇ ਅਨੁਸਾਰ ਜਤਨ ਦੀ ਇਕ ਆਮ ਜਿਹੀ ਉਧਾਰਣ ਆਪ ਨੇ ਇਉਂ ਦਿੱਤੀ ਹੈ ਕਿ ਕਈ ਲੋਕ ਭਾਵੇਂ ਕਿਨ੍ਹਾਂ ਹੀ ਜ਼ਰੂਰੀ ਕੰਮ ਕਿਉਂ ਨ ਹੋਵੇ ਚਲਦੇ ਸਮੇਂ ਇਸ ਗੱਲ ਦਾ ਖ਼ਿਆਲ ਰੱਖਦੇ ਹਨ ਇਸ ਬਾਰੇ ਬਹੁਤ ਕਾਂਸ਼ੰਸ ਹੁੰਦੇ ਹਨ, ਆਪਣੇ ਵਸਤਰਾਂ ਬਾਰੇ ਕਿ ਉਹਨਾਂ ਦਾ ਵਸਤਰ ਠੀਕ ਠਾਕ ਹੋਵੇ ।

ਵਿਸ਼ੇਸ਼ ਤੌਰ'ਤੇ ਸਾਡੇ ਏਸ਼ੀਅਨ ਸਮਾਜ ਵਿੱਚ ਪੁਰਸ਼ਾਂ ਇਸਤਰੀਆਂ ਦੀ ਇਹ ਹਾਲਤ ਹੈ ਕਿ ਬਹੁਤ ਅਧਿਕ ਕਾਂਸ਼ੰਸ ਹੋ ਜਾਂਦੇ ਹਨ ਆਪਣੇ ਵਸਤਰਾਂ ਬਾਰੇ । ਪਰ ਇਸ ਦੇ ਟਾਕਰੇ'ਤੇ ਕੁਝ ਅਜਿਹੇ ਵੀ ਹਨ ਜੋ ਬੇਸ਼ਕ ਫ਼ੈਸ਼ਨ ਬਹੁਤ ਸ਼ੌਕ ਨਾਲ ਕਰਦੇ ਹਨ, ਬਹੁਥ ਸ਼ੌਕੀਨ ਹੁੰਦੇ ਹਨ, ਪਰ ਜੱਦ ਉਹਨਾਂ ਦੇ ਸਾਹਮਣੇ ਕੋਈ ਉਦੇਸ਼ ਹੋਵੇ ਤਾ ਉਹ ਆਪਣੇ ਰੱਖ ਰਖਾਵ ਤੇ ਫ਼ੈਸ਼ਨ ਨੂੰ ਕੁਰਬਾਨ ਕਰ ਦਿੰਦੇ ਹਨ । ਜੇਕਰ ਉਦੇਸ਼ ਹਾਸਲ ਕਰਨ ਲਈ ਆਪਣੇ ਵਸਤਾਰਾਂ ਦੇ ਰੱਖ ਰਖਾਵ ਦੇ ਹੁੰਦਿਆਂ ਹੋਇਆਂ ਵੀ ਉਹਨਾਂ ਨੂੰ ਦੌੜਨਾ ਪਵੇ ਤਾਂ ਉਹ ਦੌੜ ਵੀ ਲੈਣਗੇ । ਕਿਸੇ ਥਾਂ ਬਹਿਣਾ ਵੀ ਪਵੇ ਤਾਂ ਬਹਿ ਵੀ ਜਾਣਗੇ । ਇਥੋਂ ਤੱਕ ਕਿ ਧੂੜ ਘੱਟੇ ਵਿੱਚ ਵੀ ਜੇਕਰ ਲੋੜ ਪਏ ਤਾਂ ਬਿਨਾ ਕਿਸੇ ਕਸ਼ਟ ਦੇ ਉਸ ਵਿੱਚ ਚੱਲ ਪੈਣਗੇ । ਕਿਉਂ, ਇਸ ਲਈ ਕਿ ਅਸਲ ਚੀਜ਼ ਉਹਨਾਂ ਦਾ ਉਦੇਸ਼ ਤੇ ਟੀਚਾ ਹੁੰਦਾ ਹੈ ਕਿ ਅਸੀਂ ਇਹ ਚੀਜ਼ ਹਾਸਲ ਕਰਨੀ ਹੈ, ਇਹ ਉਦੇਸ਼ ਪ੍ਰਾਪਤ ਕਰਨਾ ਹੈ । ਇਕ ਉਧਾਰਣ ਹਜ਼ਰਤ ਮੁਸਲਿਹ ਮਊਦ ਨੇ ਦਿੱਤੀ ਹੈ ਕਿ ਇੰਗਲੈਂਡ ਦੇ ਇਤਿਹਾਸ ਵਿੱਚ ਇਕ ਉਧਾਰਣ ਹੈ, ਇਤਿਹਾਸ ਵਿੱਚ ਇਹ ਘਟਨਾ ਆਉਂਦੀ ਹੈ ਕਿ ਪਹਿਲੀ ਮਲਕਾ ਅਲਿਜ਼ਬੈਥ ਜੋ 1558 ਈ. ਵਿੱਚ ਲਗਭਗ ਉਸ ਨੂੰ ਤਾਜ ਮਿਲਿਆ ਸੀ । ਲਗਭਗ 45 ਸਾਲ ਮਲਕਾ ਰਹੀ ਹੈ । ਇਹ ਮਲਕਾ ਬਹੁਤ ਪ੍ਰਸਿਧ ਮਲਕਾ ਸੀ । ਸਗੋਂ ਇੰਗਲੈਂਡ ਦੀ ਸ਼ਕਤੀ ਤੇ ਅਜ਼ਮਤ ਦੀ ਨੀਂਹ ਵੀ ਇਸੇ ਦੇ ਯੁੱਗ ਵਿੱਚ ਹੋਈ ਹੈ । ਮਲਕਾ ਬਾਰੇ ਪ੍ਰਸਿਧ ਸੀ ਕਿ ਉਹ ਆਪਣੇ ਦਰਬਾਰੀਆਂ ਵਿੱਚ ਚੰਗੀ ਪੁਸ਼ਾਕ ਤੇ ਰੰਗੇ ਵਸਤਰ ਪਾਉਂਣ ਵਾਲਿਆਂ ਨੂੰ ਅਤੇ ਸੋਹਣੀ ਦਿੱਖ ਦੇ ਲੋਕਾਂ ਨੂੰ ਦੇਖਣਾ ਪਸੰਦ ਕਰਦੀ ਸੀ ਅਤੇ ਜਿਸ ਦਾ ਲਿਬਾਸ (ਵਸਤਰ) ਆਲਾ ਤੇ ਕੀਮਤੀ ਨ ਹੋਵੇ ਉਹ ਦਰਬਾਰ ਵਿੱਚ ਨਹੀਂ ਆ ਸਕਦਾ ਸੀ । ਇਸ ਲਈ ਕਿਹਾ ਜਾਂਦਾ ਹੈ ਕਿ ਉਸ ਦੇ ਦੁਆਲੇ ਚੰਗੀ ਦਿੱਖ ਤੇ ਸੁੰਦਰ ਵਸਤਰਾਂ ਵਾਲੇ ਨੌਜੁਆਨਾ ਦਾ ਝਮਘਟਾ ਲੱਗਾ ਰਹਿੰਦਾ ਸੀ । ਇਕ ਵਾਰ ਉਹ ਆਪਣੇ ਨੇੜਤਾ ਰੱਖਣ ਵਾਲਿਆਂ ਦੇ ਨਾਲ ਕਿਤੇ ਪੈਦਲ ਜਾ ਰਹੀ ਸੀ ਕਿ ਰਾਸਤੇ ਵਿੱਚ ਜਾਂਦਿਆਂ ਹੋਇਆਂ ਕੁਝ ਚਿਕੱੜ ਆ ਗਿਆ । ਉਸ ਸਮੇਂ ਉਸ ਨਾਲ ਇੰਗਲੈਂਡ ਦਾ ਬਹਿਰੀ ਕਮਾਂਡਰ ਇਨ ਚੀਫ਼ ਨਾਲ ਸੀ, ਸਰਦਾਰ ਸੀ ਜੋ ਮਲਕਾ ਦਾ ਬਹੁਤ ਕਰੀਬੀ ਤੇ ਵਫ਼ਾਦਾਰ ਸੀ ਅਤੇ ਬਹੁਤ ਸੁੰਦਰ ਤੇ ਬਹੁਮੁੱਲ ਪੁਸ਼ਾਕ ਪਾਉਣ ਵਾਲਾ ਗਭਰੂ ਸੀ । ਜੱਦ ਉਹ ਚਿਕੱੜ ਮਾਰਗ ਵਿੱਚ ਆਇਆ ਤਾਂ ਉਸ ਨੇ ਆਪਣਾ ਕੋਟ ਲਾਹ ਕੇ ਉਸ ਚਿਕੱੜ ਦੀ ਥਾਂ ਜੋ ਕਿ ਬਹੁਤ ਥੋੜੀ ਜਿਹੀ ਸੀ ਉਸ'ਤੇ ਪਾ ਦਿੱਤਾ । ਮਲਕਾ ਨੂੰ ਇਹ ਦੇਖ ਕੇ ਬਹੁਤ ਅਜੀਬ ਲੱਗਾ ਕਿ ਐਨ੍ਹਾ ਕੀਮਤੀ ਕੋਟ ਅਤੇ ਇਹ ਚਿਕੱੜ'ਤੇ ਪਾ ਦਿੱਤਾ । ਉਸ ਨੇ ਹੈਰਾਨ ਹੋਕੇ ਪੁੱਛਿਆ, ਸੇਸਰ ਵਾਲਟਰਿਲੇ ਉਸ ਕਮਾਂਡਰ ਦਾ ਨਾਂ ਸੀ । ਉਸ ਅਫ਼ਸਰ ਨੇ ਝੱਟ ਉਤੱਰ ਵਿੱਚ ਕਿਹਾ ਕਿ ਰਿਲੇ ਦਾ ਕੋਟ ਖ਼ਰਾਬ ਹੋਣਾ ਉਸ ਉਸ ਨਾਲੋਂ ਚੰਗਾ ਹੈ ਕਿ ਮਲਕਾ ਦੇ ਪੈਰ੍ਹ ਦੀ ਜੁੱਤੀ ਖਰਾਬ ਹੋਵੇ । ਇਸ ਉਧਾਰਣ ਤੋਂ ਇਹ ਪਾਠ ਮਿਲਦਾ ਹੈ ਕਿ ਰਿਲੇ ਜੋ ਅਫ਼ਸਰ ਸੀ ਸੁੰਦਰ ਦਿੱਖ ਤੇ ਬਹੁਮੁਲ ਪੁਸ਼ਾਕ ਪਾਉਣ ਵਾਲਾ ਹੁੰਦਿਆਂ ਹੋਇਆਂ ਵੀ ਜੱਦ ਮਲਕਾ ਦਾ ਮਾਮਲਾ ਆਇਆ ਤਾਂ ਉਸ ਨੇ ਆਪਣਾ ਫ਼ੈਸ਼ਨ ਤੇ ਰਵਾਦਾਰੀ ਉਸ'ਤੇ ਕੁਰਬਾਨ ਕਰ ਦਿੱਤੀ । ਸੋ, ਜੇਕਰ ਇਕ ਦੁਨੀਆਦਾਰ ਮਲਕਾ ਦੀ ਖ਼ੁਸੀ ਲਈ ਫ਼ੈਸ਼ਨ ਛੱਡ ਸਕਦਾ ਹੈ, ਆਪਣਾ ਬਹੁਮੁਲ ਕੋਟ ਕੁਰਬਾਨ ਕਰ ਸਕਦਾ ਹੈ ਆਪਣੀ ਡੀਲ-ਡੋਲ ਤੇ ਦਿੱਖ ਛੱਡ ਸਕਦਾ ਹੈ ਤਾਂ ਫਿਰ ਸੋਚਣਾ ਚਾਹੀਦਾ ਹੈ ਕਿ ਧਰਮ ਦੀ ਤੱਰਕੀ ਲਈ, ਇਸਲਾਮ ਦੇ ਪ੍ਰਚਾਰ ਤੇ ਪ੍ਰਸਾਰ ਲਈ, ਧਰਮ ਦੀ ਦ੍ਰਿੜ੍ਹਤਾ ਲਈ, ਉਸ ਦੀ ਸਥਾਪਨਾ ਲਈ ਅਤੇ ਆਪਣੇ ਪੈਦਾ ਕਰਨ ਵਾਲੇ ਖ਼ੁਦਾ ਦੀ ਰਜ਼ਾ ਹਾਸਲ ਕਰਨ ਲਈ ਕੀ ਕੁਝ ਨਹੀਂ ਕੀਤਾ ਜਾਣਾ ਚਾਹੀਦਾ ।

ਕੀ ਸਾਨੂੰ ਇਹ ਓਦੇਸ਼ ਐਨ੍ਹਾ ਵੀ ਪਿਆਰਾ ਨਹੀਂ ਹੋਣ ਚਾਹੀਦਾ ਜਿੰਨ੍ਹਾ ਰਿਲੇ ਨੂੰ ਮਲਕਾ ਦੀ ਖ਼ੁਸ਼ੀ ਪਿਆਰੀ ਸੀ । ਸੰਸਾਰਕ ਬਾਦਸ਼ਾਹ ਨੂੰ ਖ਼ੁਸ਼ ਕਰਨ ਦੇ ਬਾਦ ਅਤੇ ਸੇਵਾ ਕਰਦਿਆਂ ਹੋਇਆਂ ਵੀ ਉਸ ਦਾ ਅੰਜਾਮ ਦੁੱਖਦਾਇਕ ਹੋਇਆ । ਅਲੱਾਹ ਨੂੰ ਖ਼ੁਸ਼ ਕਰਕੇ ਉਸ ਦੀ ਰਜ਼ਾ ਹਾਸਲ ਕਰਕੇ ਤਾਂ ਇਸ ਦੁਨੀਆ ਵਿੱਚ ਵੀ ਪੁਰਸਕਾਰਾਂ ਦਾ ਵਾਰਸ ਬਣਦਾ ਹੈ ਅਤੇ ਅੰਜਾਮ ਵੀ ਚੰਗਾ ਹੁੰਦਾ ਹੈ ।

ਹਮੇਸ਼ਾ ਚੇਤੇ ਰੱਖਣਾ ਚਾਹੀਦਾ ਹੈ ਕਿ ਉਦੇਸ਼ਿਆਂ ਦਾ ਆਲਾ ਤੇ ਉਰਤਮ ਹੋਣਾ ਬਹੁਤ ਨਹੀਂ ਹੁੰਦਾ ਜੱਦ ਤੱਕ ਕੁਰਬਾਨੀ ਤੇ ਫ਼ਿਦਾ ਹੋਣਾ ਵੀ ਉਸ ਅਨੁਸਾਰ ਨ ਹੋਵੇ । ਸਾਨੂੰ ਰੱਬ ਦੀ ਰਜ਼ਾ ਉਸ ਸਮੇਂ ਮਿਲੇਗੀ ਜੱਦ ਦੁਨੀਆ ਸਾਡੇ ਧਰਮ ਉਪੱਰ ਹਾਵੀ ਨਹੀਂ ਹੋਵੇਗੀ ਸਗੋਂ ਧਰਮ ਦੁਨੀਆ ਉਪੱਰ ਹਾਵੀ ਹੋਵੇਗਾ । ਜੇਕਰ ਸਾਡੇ ਲੜਕੇ ਤੇ ਲੜਕੀਆਂ ਇਸ ਗੱਲ ਦਾ ਖ਼ਿਆਲ ਰੱਖਣ

ਸਗੋਂ ਮਾਪੇ ਵੀ, ਤਾਂ ਧਰਮ ਨੂੰ ਮੁਕਦੱਮ ਕਰਨ ਨਾਲ ਘਰਾਂ ਦੇ ਮਸਲੇ ਵੀ ਹਲ ਹੋ ਜਾਣ ਗੇ ਅਤੇ ਉਹ ਉਦੇਸ਼ ਵੀ ਹਾਸਲ ਹੋ ਜਾਵੇਗਾ ਜੋ ਇਕ ਮੋਮਨ ਦਾ ਟੀਚਾ ਹੈ ਕਿ ਰੱਬ ਦੀ ਰਜ਼ਾ ਹਾਸਲ ਹੋਵੇ । ਇਸੇ ਪ੍ਰਕਾਰ ਲਿਬਾਸ (ਵਸਤਰ) ਹੈ । ਇਹ ਕਦੇ ਵੀ ਮਨਾ ਨਹੀਂ ਕਿ ਉਮਦਾ ਲਿਬਾਸ ਪਾਓ, ਪਰ ਇਸ ਤੋਂ ਰੋਕਿਆ ਜ਼ਰੂਰ ਗਿਆ ਹੈ ਕਿ ਹਰ ਸਮੇਂ ਐਨ੍ਹੇ ਫ਼ੈਸ਼ਨ ਵਿੱਚ ਨ ਡੁੱਬੇ ਰਹੋ ਕਿ ਧਰਮ ਦੇ ਕੰਮ ਤੋਂ ਗ਼ਾਫ਼ਲ ਹੋ ਜਾਓ ।

ਸੋ, ਇਸਲਾਮ ਇਹ ਕਹਿੰਦਾ ਹੈ ਕਿ ਤੁਸੀਂ ਕਦੇ ਵੀ ਧਰਮ ਦੇ ਕੰਮ ਤੋਂ ਗ਼ਾਫ਼ਲ ਨ ਹੋਵੋ, ਫਿਰ ਹੀ ਤੁਸੀਂ ਧਰਮ ਨੂੰ ਦੁਨੀਆ ਉਪੱਰ ਮੁਕਦੱਮ ਰੱਖਣ ਦਾ ਹੱਕ ਪੂਰਾ ਕਰ ਸਕਦੇ ਹੋ । ਇਸੇ ਪ੍ਰਕਾਰ ਉਮਦਾ ਖਾਣੇ ਹਨ, ਉਹਨਾਂ ਤੋਂ ਧਰਮ ਨਹੀਂ ਰੋਕਦਾ ਪਰ ਉਹਨਾਂ ਦਾ ਧਰਮ ਦੇ ਮਾਰਗ ਵਿੱਚ ਰੋਕ ਬਣ ਜਾਣਾ ਉਚਿਤ ਨਹੀਂ ਹੈ । ਸੋ, ਸਾਨੂੰ ਸਦਾ ਆਪਣੇ ਕੰਮਾ ਵਿੱਚ ਇਹਨਾਂ ਗੱਲਾਂ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ ਕਿ ਜੋ ਚੀਜ਼ਾ ਧਰਮ ਦੇ ਮਾਮਲੇ ਵਿੱਚ ਰੋਕ ਹੋਣ, ਉਹਨਾ ਨੂੰ ਦੂਰ ਕੀਤਾ ਜਾਵੇ । ਇਸ ਬਾਰੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਫ਼ਰਮਾਉਂਦੇ ਹਨ ਕਿ ਦੇਖੋ, ਦੋ ਪ੍ਰਕਾਰ ਦੇ ਲੋਕ ਹੁੰਦੇ ਹਨ । ਇਕ ਉਹ ਜੋ ਇਸਲਾਮ ਕਬੂਲ ਕਰਕੇ ਦੁਨੀਆ ਦੇ ਕਾਰੋਬਾਰਾਂ ਤੇ ਵਪਾਰਾਂ ਵਿੱਚ ਲੀਨ ਹੋ ਜਾਂਦੇ ਹਨ । ਸ਼ੈਤਾਨ ਉਹਨਾ ਦੇ ਸਿਰ'ਤੇ ਸਵਾਰ ਹੋ ਜਾਂਦਾ ਹੈ, ਫਿਰ ਉਹ ਉਕੱ ਹੀ ਦੁਨੀਆ'ਤੇ ਪੈ ਜਾਂਦੇ ਹਨ । ਫ਼ਰਮਾਇਆ ਕਿ ਮੇਰਾ ਇਹ ਮਤਲਬ ਨਹੀਂ ਕਿ ਵਪਾਰ ਕੋਈ ਮਨਾ ਹੈ । ਸਹਾਬਾ ਵੀ ਵਪਾਰ ਕਰਦੇ ਸਨ ਪਰ ਧਰਮ ਨੂੰ ਦੁਨੀਆ ਉਪੱਰ ਮੁਕਦੱਮ ਰੱਖਦੇ ਸਨ । ਉਹਨਾਂ ਨੇ ਇਸਲਾਮ ਕਬੂਲ ਕੀਤਾ ਅਤੇ ਇਸਲਾਮ ਬਾਰੇ ਸਚੱ ਯਕੀਨ ਜੋ ਉਹਨਾਂ ਦੇ ਦਿਲਾਂ ਨੂੰ ਭਰ ਦੇਵੇ ਉਹਨਾਂ ਨੇ ਹਾਸਲ ਕਰ ਲਿਆ । ਇਹੋ ਕਾਰਣ ਸੀ ਕਿ ਉਹ ਕਿਸੇ ਖੇਤਰ ਵਿੱਚ ਸ਼ੈਤਾਨ ਦੇ ਹਮਲੇ ਤੋਂ ਡਗਮਗਾਏ ਨਹੀਂ । ਕੋਈ ਕੰਮ ਉਹਨਾ ਨੂੰ ਸਚੱਾਈ ਦੇ ਮਾਰਗ ਤੋਂ ਨਹੀਂ ਰੋਕ ਸਕਿਆ । ਫਰਮਾਇਆ ਜੋ ਉਕੱ ਹੀ ਦੁਨੀਆ ਦੇ ਹੀ ਬੰਦੇ ਤੇ ਗ਼ੁਲਾਮ ਹੋ ਜਾਂਦੇ ਹਨ ਸੰਭਵਤਾ ਦੁਨੀਆਂ ਦੇ ਪੁਜਾਰੀ ਹੋ ਜਾਂਦੇ ਹਨ ਅਜਿਹੇ ਲੋਕਾਂ'ਤੇ ਸ਼ੈਤਾਨ ਆਪਣਾ ਗ਼ਲਬਾ ਤੇ ਕਬਜ਼ਾ ਕਰ ਲੈਂਦਾ ਹੈ । ਦੂਜੇ ਉਹ ਲੋਕ ਹੁੰਦੇ ਹਨ ਜੋ ਧਰਮ ਦੀ ਤਰੱਕੀ ਤੇ ਚਿੰਤਾ ਵਿੱਚ ਹੁੰਦੇ ਹਨ । ਇਹ ਉਹ ਦਲ ਹੈ ਜੋ ਹਿਜ਼ਬੁਲੱਾਹ ਅਖਵਾਉਂਦਾ ਹੈ ਅਤੇ ਜੋ ਸ਼ੈਤਾਨ ਅਤੇ ਉਸ ਦੇ ਲਸ਼ਕਰ ਉਪੱਰ ਫ਼ਤਹਿ ਪਾ ਲੈਂਦਾ ਹੈ ।

ਜਿਵੇਂ ਕਿ ਅਰੰਭ ਵਿੱਚ ਵੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਇਕ ਕਥਨ ਮੈਂ ਪੇਸ਼ ਕੀਤਾ ਸੀ ਕਿ ਧਰਮ ਨੂੰ ਦੁਨੀਆ ਉਪੱਰ ਮੁਕਦੱਮ ਰੱਖਣ ਨਾਲ ਬੈਅਤ ਦਾ ਮੰਤਵ ਪੂਰਾ ਹੁੰਦਾ ਹੈ ਅਤੇ ਉਸ ਦਾ ਬੋਧ ਪ੍ਰਾਪਤ ਕਰਨ ਲਈ ਸੰਸਾਰਕ ਕੰਮਾ ਦੇ ਨਾਲ ਧਾਰਮਕ ਗਿਆਨ ਦਾ ਹਾਸਲ ਕਰਨਾ ਅਤੇ ਫਿਰ ਉਸਨੂੰ ਆਪਣੇ ਉਪਰ ਲਾਗੂ ਕਰਨਾ ਵੀ ਜ਼ਰੂਰੀ ਹੈ । ਵੇਖਣ ਨੂੰ ਇਕ ਅਲਾ ਉਦੇਸ਼ ਲਈ ਮਸਜਿਦ ਜਾਂਦੇ ਹਾਂ ਪਰ ਉਸ ਦੇ ਪਿੱਛੇ ਦੁਨੀਆਵੀ ਅਦਨਾ ਉਦੇਸ਼ ਲੁਕੇ ਹੁੰਦੇ ਹਨ । ਸੋ, ਆਲਾ ਉਦੇਸ਼ਿਆਂ ਦੀ ਪੂਰਤੀ ਲਈ ਸੋਚ ਵੀ ਆਲਾ ਕਰਨ ਦੀ ਲੋੜ ਹੈ ਅਤੇ ਕੁਰਬਾਨੀ ਵਿਅਕਤੀਗੱਤ ਲਾਭ ਲਈ ਨਹੀਂ ਸਗੋਂ ਰੱਬ ਦੀ ਰਜ਼ਾ ਹਾਸਲ ਕਰਨ ਲਈ ਹੁੰਦੀ ਹੈ । ਸੋ, ਇਹ ਮਸਜਿਦਾਂ ਦੀ ਆਬਾਦੀ ਜੇਕਰ ਆਲਾ ਉਦੇਸ਼ਿਆਂ ਨੂੰ ਸੰਮੁੱਖ ਰੱਖਕੇ ਨਹੀਂ ਕਿ ਅਲੱਾਹ ਤਆਲਾ ਦੇ ਹਕ ਦੇ ਨਾਲ ਮਾਨਵਤਾ ਦੇ ਹੱਕ ਕਾਇਮ ਕੀਤੇ ਜਾਣ ਤਾਂ ਧਰਮ ਦਾ ਪ੍ਰਸਾਰ ਤੇ ਇਸਲਾਮ ਦੀ ਸਥਾਪਨਾ ਸਭ ਅਜਾਈਂ ਹਨ । ਇਸਲਾਮ ਦਾ ਸੁੰਦਰ ਸੰਦੇਸ਼ ਦੁਨੀਆ ਨੂੰ ਪਹੁੰਚਾਉਂਣ ਦੀ ਸਾਡੀ ਜ਼ਿੰਮੇਦਾਰੀ ਹੈ, ਅਸੀਂ ਉਸਨੂੰ ਪੂਰਾ ਕਰਨ ਹੈ । ਕੁਰਆਨ ਕਰੀਮ ਦੇ ਵੱਖ ਵੱਖ ਭਾਸ਼ਾਵਾਂ ਵਿੱਚ ਅਨੁਵਾਦ ਸਾਡੇ ਜ਼ਿੰਮੇ ਕੀਤਾ ਗਿਆ ਹੈ ਇਸ ਦਾ ਹੱਕ ਅਸੀਂ ਪੂਰਾ ਕਰਨਾ ਹੈ । ਮਸਦਿਾਂ ਦੀ ਉਸਾਰੀ ਹਰ ਥਾਂ ਅਸੀਂ ਕਰਨੀ ਹੈ ਤਾਂ ਜੋ ਹਕੀਕੀ ਇਬਾਦਤ ਕਰਨ ਵਾਲੇ ਅਸੀਂ ਬਣ ਸਕੀਏ । ਫਿਰ ਇਸ ਦਾ ਹੱਕ ਪੂਰਾ ਕਰਨ ਲਈ ਦੁਨੀਆ ਦੇ ਹਰ ਦੇਸ਼ ਵਿੱਚ ਅਸੀਂ ਮਨਸੂਬਾ ਬੰਦੀ ਕਰਨੀ ਹੈ । ਮਨੁੱਖਤਾ ਦੀਆਂ ਕਦਰਾਂ ਕੀਮਤਾਂ ਨੂੰ ਅਸੀਂ ਉਚੱਤਮ ਨਮੂਨਿਆਂ ਉਪੱਰ ਕਾਇਮ ਕਰਨਾ ਹੈ । ਜੇਕਰ ਇਹ ਸਭ ਕੁਝ ਅਸੀਂ ਦੁਨੀਆ ਕਮਾਉਣ ਦੇ ਨਾਲ ਨਾਲ ਕਰ ਰਹੇ ਹਾਂ ਤਾਂ ਦੁਨੀਆ ਕਮਾਉਣਾ ਵੀ ਸਾਡਾ ਧਰਮ ਹੈ । ਜੇਕਰ ਨਹੀ ਤਾਂ ਨਾਡੇ ਜਾਇਜ਼ ਕੰਮ ਵੀ ਅਲੱਾਹ ਦੀ ਨਿਗਾਹ ਵਿੱਚ ਨਾਜਾਇਜ਼ ਹਨ ।

ਉਹਦ ਦੀ ਜੰਗ ਵਿੱਚ ਜੱਦ ਇਹ ਪ੍ਰਸਿੱਧ ਹੋ ਗਿਆ ਕਿ ਰਸੂਲੇਕਰੀਮ ਸਲਲੱਾਹੁ ਅਲੈਹਿ ਵਸਲਅਮ ਸ਼ਹੀਦ ਹੋ ਗਏ ਹਨ ਤਾਂ ਉਸ ਸਮੇਂ ਇਕ ਸਹਾਬੀ ਜੋ ਕਈ ਦਿਨਾਂ ਦੇ ਫ਼ਾਕੇ ਵਿੱਚ ਸਨ ਜੰਗ ਲੜ ਕੇ ਹਟੇ ਸਨ । ਉਸ ਸਮੇਂ ਫ਼ਤਹਿ ਦੀ ਹਾਲਤ

ਪੈਦਾ ਹੋ ਚੁਕੀ ਸੀ । ਉਹਨਾਂ ਕੋਲ ਕੁਝ ਸੁੱਕੀਆ ਖਜੂਰਾਂ ਸਨ ਜੋ ਉਹ ਖਾ ਰਹੇ ਸਨ, ਇਹ ਉਸ ਸਮੇਂ ਉਹਨਾਂ ਦਾ ਖਾਣਾ ਸੀ । ਇਹ ਸੂਚਨਾ ਉਹਨਾਂ ਤੱਕ ਪਹੁੰਚੀ ਤਾਂ ਝੱਟ ਉਹਨਾਂ ਨੇ ਉਹ ਖਜੂਰਾਂ ਸੁੱਟ ਦਿੱਤੀਆਂ ਅਤੇ ਮੈਦਾਨੇ ਜੰਗ ਵਿੱਚ ਕੁਦ ਪਏ ਅਤੇ ਜਾਕੇ ਸ਼ਹੀਦ ਹੋ ਗਏ । ਉਸ ਸਮੇਂ ਉਹਨਾਂ ਨੇ ਆਪਣੇ ਪੇਟ ਦੀ ਭੁੱਖ ਦੀ ਚਿੰਤਾ ਨਹੀਂ ਸੀ, ਸਗੋਂ ਖਜੂਰਾਂ ਦਾ ਖਾਣਾ ਵੀ ਗੁਨਾਹ ਸਮਝਿਆ ਕਿਉਂਕਿ ਉਸ ਸਮੇਂ ਧਰਮ ਇਹ ਤਕਾਦਾ ਕਰ ਰਿਹਾ ਸੀ ਕਿ ਖਜੂਰਾਂ ਖਾਣਾ ਗੁਨਾਹ ਹੈ । ਸੋ, ਜੋ ਕੰਮ ਧਰਮ ਦੇ ਮਾਰਗ ਵਿੱਚ ਰੋਕ ਬਣੇ, ਫਿਰ ਉਹ ਭਾਵੇਂ ਕਿਨ੍ਹਾ ਹੀ ਆਲਾ ਤੇ ਉਮਦਾ ਕਿਉਂ ਨ ਹੋਵੇ ਨਾਜਾਇਜ਼ ਹੈ । ਜੋ ਧਰਮ ਦੇ ਮਾਰਗ ਵਿੱਚ ਰੋਕ ਨਹੀਂ ਉਹ ਭਾਵੇਂ ਕਿੰਨ੍ਹਾ ਹੀ ਆਰਾਮਦਾਇਕ ਤੇ ਸਹੂਲਤ ਵਾਲਾ ਹੋਵੇ ਬੁਰਾ ਨਹੀਂ ਉਹ ਜਾਇਜ਼ ਬਣ ਜਾਂਦਾ ਹੈ । ਸੋ, ਸਾਨੂੰ ਉਹ ਰੂਹ ਪੈਦਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਜੋ ਸਾਡੇ ਦਿਲਾਂ ਦੀ ਅਵਸਥਾ ਨੂੰ ਰੱਬ ਦੀ ਰਜ਼ਾ ਹਾਸਲ ਕਰਨ ਵਾਲਾ ਬਣਾਏ ।

ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਰਸੂਲੁੱਲਾਹ ਸਲੱਲਾਹੁ ਅਲੈਹਿ ਵਸਲਅਮ ਇਕ ਵਾਰ ਮਸਜਿਦ ਵਿੱਚ ਬੈਠੇ ਹੋਏ ਸਨ, ਲੋਕ ਵੀ ਆਪ ਨਾਲ ਸਨ । ਉਸੇ ਸਮੇਂ ਦੌਰਾਨ ਤਿੰਨ ਆਦਮੀ ਸਾਹਮਣੇ ਆਏ ਦੋ ਆਦਮੀ ਤਾਂ ਸਿੱਧੇ ਰਸੂਲੁੱਲਾਹ ਸਲੱਲਾਹੁ ਅਲੈਹਿ ਵਸਲਅਮ ਵੱਲ ਆ ਗਏ ਅਤੇ ਇਕ ਉਹਨਾਂ ਵਿੱਚੋ ਚਲਾ ਗਿਆ । ਉਹ ਦੋਵੇ ਰਸੂਲੁੱਲਾਹ ਸਲੱਲਾਹੁ ਅਲੈਹਿ ਵਸਲਅਮ ਪਾਸ ਆਕੇ ਖੜ੍ਹੇ ਹੋ ਗਏ । ਉਹਨਾਂ ਵਿੱਚੋਂ ਜੋ ਇਕ ਸੀ ਉਸ ਨੇ ਦੇਖਿਆ ਕਿ ਹਜ਼ੂਰ ਸਲੱਲਾਹੁ ਅਲੈਹਿ ਵਸਲਅਮ ਦੇ ਨੇੜੇ ਖਾਲੀ ਥਾਂ ਪਈ ਹੈ ਉਹ ਛੇਤੀ ਨਾਲ ਅੱਗੇ ਵਧਕੇ ਆਇਆ ਅਤੇ ਆਪ ਜੀ ਦੇ ਨੇੜੇ ਬਹਿ ਗਿਆ । ਦੂਜਾ ਜੋ ਸੀ ਉਹ ਓਥੇ ਹੀ ਲੋਕਾਂ ਦੇ ਪਿੱਛੇ ਬਹਿ ਗਿਆ ਜਿੱਥੇ ਖੜ੍ਹਾ ਸੀ, ਉਸ ਨੂੰ ਥੋੜੀ ਜਿਹੀ ਥਾਂ ਮਿਲੀ ਬਹਿ ਗਿਆ । ਤੀਜਾ ਜੋ ਸੀ ਉਹ ਸਮਝਿਆ ਕਿ ਥਾਂ ਨਹੀਂ ਹੈ ਉਹ ਪਿੱਠ ਫੇਰਕੇ ਚਲਾ ਗਿਆ । ਜੱਦ ਰਸੂਲੁੱਲਾਹ ਸਲੱਲਾਹੁ ਅਲੈਹਿ ਵਸਲਅਮ ਆਪਣੇ ਖ਼ਤਾਬ (ਸੰਬੋਧਨ) ਤੋਂ ਵਿਹਲੇ ਹੋਏ ਤਾਂ ਆਪ ਨੇ ਫ਼ਰਮਾਇਆ ਕਿ ਕੀ ਮੈਂ ਤੁਹਾਨੂੰ ਉਹਨਾਂ ਤਿੰਨਾ ਆਦਮੀਆਂ ਦੀ ਹਾਲਤ ਨ ਦਸੱਾਂ । ਉਹਨਾਂ ਵਿੱਚੋਂ ਇਕ ਨੇ ਤਾਂ ਅਲੱਾਹ ਕੋਲ ਪਨਾਹ ਲਈ ਅਤੇ ਅਲੱਾਹ ਨੇ ਉਸਨੂੰ ਪਨਾਹ ਦਿੱਤੀ ਜੋ ਮੇਰੇ ਨੇੜੇ ਹੋਕੇ ਬਹਿ ਗਿਆ ਅਤੇ ਜੋ ਦੂਜਾ ਸੀ ਉਸ ਨੇ ਸ਼ਰਮ ਕੀਤੀ ਅਤੇ ਅਲੱਹ ਤਆਲਾ ਨੇ ਵੀ ਉਸ ਤੋਂ ਸ਼ਰਮ ਕੀਤੀ ਅਰਥਾਤ ਉਸ ਦਾ ਬੈਠਣਾ, ਓਥੇ ਉਸ ਸਭਾ ਵਿੱਚ ਬੈਠਣਾ ਉਸ ਦੇ ਗੁਨਾਹਾਂ ਦੀ ਦੂਰੀ ਦਾ ਸਬਬ ਬਣਿਆ । ਉਸ ਨੇ ਹਯਾ ਕੀਤੀ ਅਲੱਾਹ ਤਆਲਾ ਨੇ ਵੀ ਉਸਦੇ ਗੁਨਾਹਾਂ ਨੂੰ ਮਾਫ਼ ਕਰ ਦਿੱਤਾ । ਜੋ ਤੀਜਾ ਸੀ ਉਸ ਨੇ ਮੂੰਹ ਫੇਰ ਲਿਆ ਅਤੇ ਅਲੱਾਹ ਤਆਲਾ ਨੇ ਵੀ ਉਸ ਤੋਂ ਮੂੰਹ ਫੇਰ ਲਿਆ । ਹੁਣ ਵੇਖਣ ਨੂੰ ਤਾਂ ਤਿੰਨਾ ਅਦਮੀਆਂ ਦਾ ਆਉਣਾ ਬਹਿਣਾ ਅਤੇ ਉਹਨਾਂ ਵਿੱਚੋਂ ਇਕ ਦਾ ਚਲੇ ਜਾਣਾ ਮਮੂਲੀ ਗੱਲ ਹੈ ਕਿਉਂਕਿ ਉਸ ਦੇ ਵਿਚਾਰ ਵਿੱਚ ਇਸ ਤੀਜੇ ਮਨੁੱਖ ਦੇ ਵਿਚਾਰ ਵਿੱਚ ਸੀ ਕਿ ਇਹ ਆਵਾਜ਼ ਮੇਰੇ ਤੱਕ ਨਹੀਂ ਪਹੁੰਚ ਰਹੀ ਇਸ ਲਈ ਬੈਠਣ ਦਾ ਕੋਈ ਲਾਭ ਨਹੀਂ ਹੈ । ਪਰ ਕਿਉਂਕਿ ਇਹ ਕਾਰਜ ਉਹਨਾਂ ਤਿੰਨਾ ਦਾ ਇਹ ਕੰਮ ਜਿਸ ਦਾ ਸੰਬੰਧ ਦਿਲ ਨਾਲ ਸੀ, ਦਿਲ ਤੋਂ ਪੈਦਾ ਹੋਏ ਸਨ ਦਿਲ ਦੀ ਅਵਸਥਾ ਦਾ ਪ੍ਰਗਟਾਵਾ ਸੀ, ਰੱਬ ਦੀ ਨਜ਼ਰ ਵੀ ਦਿਲ'ਤੇ ਹੁੰਦੀ ਹੈ ਅਤੇ ਉਸ ਦੇ ਪੁਰਸਕਾਰ ਵੀ ਦਿਲੀ ਅਵਸਥਾ ਅਨੁਸਾਰ ਹੁੰਦ ਹਨ ।

ਇਸ ਲਈ ਦਿਲ ਦੀ ਹਾਲਤ ਵਟਾਂਦਰੇ ਤੇ ਸਿੱਟੇ ਦੇ ਪੱਖੋਂ ਬਹੁਤ ਮਹਤੱਵਪੂਰਨ ਹੈ । ਇਹ ਗੱਲ ਚੇਤੇ ਰੱਖਣ ਵਾਲੀ ਹੈ । ਸੋ, ਇੱਥੇ ਵੀ ਰੱਬ ਨੇ ਇਸੇ ਪ੍ਰਕਾਰ ਮਾਮਲਾ ਕੀਤਾ । ਅਲੱਾਹ ਤਆਲਾ ਨੇ ਦਿਲ ਦੀ ਹਾਲਤ ਤੋਂ ਦੇਖ ਲਿਆ ਕਿ ਕੌਣ ਦਿਲ ਦੇ ਮਾਮਲੇ ਵਿੱਚ ਕਿਸ ਹੱਦ ਤੱਕ ਅੱਗੇ ਵੱਧਿਆ ਹੈ ਅਤੇ ਕਿਸ ਨੇ ਸੁਸਤੀ ਦਿਖਾਈ ਹੈ । ਪਹਿਲੇ ਦੋਹਾਂ ਨੂੰ ਉਹਨਾਂ ਦੇ ਦਰਜੇ ਅਨੁਸਾਰ ਪੁਰਸਕਾਰ ਮਿਲਿਆ, ਤੀਜਾ ਵਾਂਜਿਆਂ ਰਿਹਾ ਸਗੋਂ ਨਰਾਜ਼ਗੀ ਦਾ ਮੂਜਬ ਬਣਿਆ । ਸੋ, ਮੋਮਨ ਨੂੰ ਚਾਹੀਦਾ ਹੈ ਕਿ ਦੇਖ ਲਏ ਕਿ ਉਸ ਦੇ ਸਾਹਮਣੇ ਜੋ ਉਦੇਸ਼ ਹੈ ਉਸ ਲਈ ਉਸ ਨੇ ਕਿਸ ਹੱਦ ਤੱਕ ਕੁਰਬਾਨੀ ਕੀਤੀ ਹੈ । ਜੇਕਰ ਉਹ ਇਸ ਹੱਦ ਤੱਕ ਕੁਰਬਾਨੀ ਕਰ ਦੇਵੇ ਜਿਸ ਦੀ ਲੋੜ ਹੈ ਤਾਂ ਫਿਰ ਅਲੱਾਹ ਤਆਲਾ ਦੀ ਸਹਾਇਤਾ ਦਾ ਅਤੇ ਉਸ ਦੇ ਪ੍ਰਤੀਫ਼ਲ ਦਾ ਹੱਕਦਾਰ ਠਹਿਰਦਾ ਹੈ । ਕੁਰਬਾਨੀ ਹਮੇਸ਼ਾ ਜਾਂ ਤਾਂ ਸ਼ਕਤੀ ਅਨੁਸਾਰ ਹੁੰਦੀ ਹੈ ਜਾਂ ਲੋੜ ਅਨੁਸਾਰ । ਇਹ ਜ਼ਰੂਰੀ ਨਹੀਂ ਕਿ ਹਰ ਵਾਰ ਸ਼ਕਤੀ ਅਨੁਸਾਰ ਕੁਰਬਾਨੀ ਦਿੱਤੀ ਜਾਵੇ । ਕਈ ਵਾਰ ਕੇਵਲ ਇਤਨੀ ਕੁਰਬਾਨੀ ਦਾ ਸ਼ਰੀਅਤ ਤਕਾਦਾ ਕਰਦੀ ਹੈ ਜਿੰਨ੍ਹੀ ਲੋੜ ਹੈ । ਇਸ ਲਈ ਇਕ ਹਦੀਸ ਵਿੱਚ ਆਉਂਦਾ ਹੈ ਕਿ ਇਕ ਮੌਕੇ'ਤੇ ਆਪ ਨੇ ਫ਼ਰਮਾਇਆ ਕਿ ਇਕ ਦਿਰਹਮ ਲੱਖ ਦਿਰਹਮ'ਤੇ

ਵਿਜੇਈ ਹੋ ਗਿਆ ਇਸ ਲਈ ਕਿ ਉਸ ਮਨੁੱਖ ਨੇ ਦੋ ਦਿਰਹਮਾ ਵਿੱਚੋਂ ਇਕ ਦਿਰਹਮ ਦੇ ਦਿਤੱਾ ਅਤੇ ਇਕ ਮਨੁੱਖ ਕੋਲ ਲੱਖਾਂ ਹੀ ਦਿਰਹਮ ਸਨ ਉਸ ਨੇ ਉਹਨਾਂ ਵਿੱਚਂ ਕੇਵਲ ਲੱਖ ਦਿਤੱਾ ਜੋ ਉਸ ਦੀ ਸਮਰਥਾ ਅਨੁਸਾਰ ਬਹੁਤ ਘੱਟ ਸੀ । ਸੋ ਚੇਤੇ ਰੱਖਣਾ ਚਾਹੀਦਾ ਹੈ ਕਿ ਅਸਲ ਉਦੇਸ਼ ਰੱਬ ਦੀ ਰਜ਼ਾ ਹੋਣੀ ਚਾਹੀਦੀ ਹੈ ਅਤੇ ਇਹਨਾਂ ਦੋਹਾਂ ਦੀ ਇਸ ਖਰਚ ਦੇ ਮਾਮਲੇ ਵਿੱਚ ਰੱਬ ਦੀ ਰਜ਼ਾ ਹੀ ਉਦੇਸ਼ ਸੀ ।

ਸੋ, ਮੋਮਨ ਦਾ ਅਸਲ ਕੰਮ ਇਹ ਹੈ ਕਿ ਰੱਬ ਦੀ ਰਜ਼ਾ ਹਾਸਲ ਕਰਨ ਲਈ ਆਪਣੇ ਦਿਲ ਦੀ ਅਵਸਥਾ ਨੂੰ ਢਾਲੇ । ਉਸ ਦਾ ਉਦੇਸ਼ ਰੱਬ ਦੀ ਰਜ਼ਾ ਹਾਸਲ ਕਰਨਾ ਹੋਵੇ ਅਤੇ ਇਸੇ ਵਿੱਚ ਉਸ ਦੀ ਸਫ਼ਲਤਾ ਤੇ ਕਾਮਯਾਬੀ ਹੈ । ਇਸ ਲਈ ਸਾਨੂੰ ਹਮੇਸ਼ਾ ਸ਼ਾਂਤਮਈ ਢੰਗ ਨਾਲ ਗ਼ੌਰ ਕਰਨ ਦਾ ਜਤਨ ਕਰਦੇ ਰਹਿਣਾ ਚਾਹੀਦਾ ਹੈ ਕਿ ਕਿਵੇਂ ਅਸੀਂ ਆਪਣੇ ਪ੍ਰਣ ਨੂੰ ਪੂਰਾ ਕਰਦੇ ਹੋਇਆਂ ਧਰਮ ਨੂੰ ਦੁਨੀਆ ਉਪੱਰ ਮੁਕਦੱਮ ਕਰਨ ਲਈ ਅਪਣੀ ਯੋਗਤਾ ਤੇ ਸ਼ਕਤੀਆਂ ਨੂੰ ਕੰਮ ਵਿੱਚ ਲਿਆਈਏ । ਅਨਸਾਰੁਲੱਾਹ ਦਾ ਇਜਤਮਾ ਵੀ ਅੱਜ ਤੋਂ ਹੋ ਰਿਹਾ ਹੈ, ਸ਼ੂਰਾ ਵੀ ਹੋ ਰਹੀ ਹੈ । ਉਹਨਾ ਨੂੰ ਵੀ ਆਪਣੀ ਸ਼ੂਰਾ ਦੀ ਸਭਾ ਵਿੱਚ ਗ਼ੌਰ ਕਰਨਾ ਚਾਹੀਦਾ ਹੈ ਅਤੇ ਇਹਨਾ ਦਿਨਾਂ ਵਿੱਚ ਆਪਣੇ ਜਾਇਜ਼ੇ ਵੀ ਲੈਂਣੇ ਚਾਹੀਦੇ ਹਨ । ਕਿ ਕਿਸ ਹੱਦ ਤੱਕ ਅਸੀਂ ਆਪਣੇ ਮਿਆਰ, ਧਰਮ ਨੂੰ ਦੁਨੀਆ ਉਪੱਰ ਮੁਕਦੱਮ ਰੱਖਣ ਲਈ ਵਧਾ ਸਕਦੇ ਹਾਂ, ਵਧਾਉਣੇ ਚਾਹੀਦੇ ਹਨ ਸਗੋਂ ਹਾਸਲ ਕਰਨੇ ਚਾਹੀਦੇ ਹਨ । ਅਨਸਾਰੁਲੱਾਹ ਦੀ ਉਮਰ ਤਾਂ ਅਜਿਹੀ ਹੁੰਦੀ ਹੈ ਕਿ ਜਿਸ ਵਿੱਚ ਨਮੂਨਾ ਬਨਣਾ ਚਾਹੀਦਾ ਹੈ । ਅਲੱਾਹ ਤਆਲਾ ਨੂੰ ਸਾਡੀ ਕਿਸੇ ਜੀਜ਼ ਦੀ ਲੋੜ ਨਹੀਂ । ਇਹ ਤਾਂ ਉਸ ਦਾ ਉਪਕਾਰ ਹੈ ਕਿ ਉਸ ਨੇ ਸਾਨੂੰ ਪ੍ਰਦਾਨ ਕੀਤਾ ਹੈ ਕਿ ਸਾਨੂੰ ਇਹ ਕਹਿ ਕਿ ਤੁਸੀਂ ਧਰਮ ਨੂੰ ਦੁਨੀਆ'ਤੇ ਮੁਕਦੱਮ ਰੱਖੋ ਤਾਂ ਮੇਰੀ ਰਜ਼ਾ ਹਾਸਲ ਕਰੋਗੇ । ਸਾਨੂੰ ਨਵਾਜਿਆ ਹੈ ਨਹੀਂ ਤਾਂ ਮਾਲ ਦੀਆਂ ਮੈਂ ਉਧਾਰਣਾ ਦਿੱਤੀਆਂ ਹਨ । ਉਸ ਦੀ ਰੱਬ ਨੂੰ ਲੋੜ ਨਹੀਂ । ਰੱਬ ਸਾਡਾ ਜਾਂ ਕਿਸੇ ਦਾ ਵੀ ਮੁਥਾਜ ਨਹੀਂ ਹੈ । ਇਹ ਸਾਰੇ ਵਸੀਲੇ, ਜ਼ਖੀਰੇ, ਸੋਨਾ, ਚਾਂਦੀ ਤੇ ਭੌਇ ਉਸ ਨੇ ਪੈਦਾ ਕੀਤੀਆਂ ਹਨ । ਜੇਕਰ ਉਹ ਚਾਹੁੰਦਾ ਤਾਂ ਧਰਮ ਦਾ ਕੰਮ ਕਰਨ ਵਾਲਿਆ ਨੂੰ ਇਹ ਸਭ ਵੰਡ ਦਿੰਦਾ, ਆਪ ਹਾਜ਼ਰ ਕਰ ਸਕਦਾ ਸੀ ਪਰ ਸਾਨੂੰ ਉਹ ਸਾਡੇ ਉਦੇਸ਼ਿਆਂ ਤੋਂ ਜਾਣੂ ਕਰਵਾਕੇ ਫਿਰ ਉਸ ਦੇ ਹਾਸਲ ਕਰਨ ਲਈ ਕੁਰਬਾਨੀ ਵੱਲ ਧਿਆਨ ਦੁਆਉਂਦਾ ਹੈ ਤਾਂ ਜੋ ਅਸੀਂ ਉਸ ਦੀ ਰਜ਼ਾ ਹਾਸਲ ਕਰਨ ਵਾਲੇ ਬਣ ਸਕੀਏ ।

ਕੇਵਲ ਮਾਲ ਹੀ ਨਹੀਂ ਉਸ ਨੇ ਸਾਨੂੰ ਸੰਤਾਨ ਵੀ ਦਿੱਤੀ ਹੈ । ਉਸ ਦੀ ਤਰਬੀਯਤ ਦੇ, ਸੰਤਾਨ ਦੀ ਤਰਬੀਯਤ ਦੀਆਂ ਹੋਰ ਵੀ ਕਾਢਾਂ ਕੱਢ ਸਕਦਾ ਸੀ ਪਰ ਉਸ ਨੇ ਮਾਂ ਬਾਪ ਨੂੰ ਕਿਹਾ ਕਿ ਬੱਚਿਆਂ ਦੀ ਤਰਬੀਯਤ ਕਰੋ । ਉਹਨਾਂ'ਤੇ ਆਪਣੀ ਸਮਰਥਾ ਅਨੁਸਾਰ ਆਲਾ ਉਦੇਸ਼ਿਆਂ ਦੀ ਪ੍ਰਾਪਤੀ ਲਈ ਖਰਚ ਕਰੋ ਤਾਂ ਜੋ ਇਹ ਧਰਮ ਦੇ ਕੰਮ ਆ ਸਕਣ । ਸੋ, ਇਹ ਇਕ ਅਹਮਦੀ ਮਾਂ ਬਾਪ ਦੀ ਬਹੁਤ ਵੱਡੀ ਜ਼ਿੰਮੇਦਾਰੀ ਹੈ ਕਿ ਆਪਣੇ ਬੱਚਿਆਂ ਦੀ ਇਸ ਪ੍ਰਕਾਰ ਤਰਬੀਯਤ ਕਰਨ ਕਿ ਉਹ ਧਰਮ ਦੇ ਕੰਮ ਆ ਸਕਣ । ਅਤੇ ਫਿਰ ਹੀ ਧਰਮ ਨੂੰ ਦੁਨੀਆ ਉਪੱਰ ਮੁਕਦੱਮ ਰੱਖਣ ਦੀ ਗੱਲ ਪੂਰੀ ਹੁੰਦੀ ਹੈ, ਪ੍ਰਣ ਪੂਰਾ ਹੁੰਦਾ ਹੈ । ਅਜਿਹੀ ਤਰਬੀਯਤ ਕਰੋ ਉਹਨਾ ਬੱਚਿਆਂ ਦੀ ਕਿ ਧਰਮ ਨੂੰ ਦੁਨੀਆ ਉਪੱਰ ਮੁਕਦੱਮ ਕਰਨੇ ਦਾ ਸਲੀਕਾ ਉਹਨਾਂ ਨੂੰ ਬਚਪੁਣੇ ਵਿੱਚ ਹੀ ਹਾਸਲ ਹੋ ਜਾਵੇ । ਸੋ, ਅਲੱਾਹ ਤਆਲਾ ਸਾਡੇ ਸੁਪੁਰਦ ਇਹ ਚੀਜ਼ ਕਰਕੇ ਸਾਡੀ ਪ੍ਰੀਖਿਆ ਵੀ ਕਰਦਾ ਹੈ ਅਤੇ ਸਾਨੂੰ ਨਵਾਜ਼ਦਾ ਵੀ ਹੈ । ਏਥੇ ਮੈਂ ਹਰ ਪਧੱਰ ਦੇ ਅਹੁਦੇਦਾਰ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਧਰਮ ਨੂੰ ਦੁਨੀਆ ਉਪੱਰ ਮੁਕਦੱਮ ਰੱਖਣ ਦਾ ਪ੍ਰਣ ਨਿਭਾਉਣ ਦੀ ਜ਼ਿੰਮੇਦਾਰੀ ਦੂਜਿਆਂ ਤੋਂ ਵੱਧਕੇ ਉਹਨਾਂ ਨੂੰ ਆਪਣੀ ਸਮਝਣੀ ਚਾਹੀਦੀ ਹੈ । ਇਕ ਉਦੇਸ਼ ਦੇ ਹਾਸਲ ਕਰਨ ਲਈ ਉਹਨਾਂ ਦੀ ਜ਼ਿੰਮੇਦਾਰੀ ਲਗਾਈ ਗਈ ਹੈ ਜਿਸ ਲਈ ਉਹਨਾਂ ਨੂੰ ਆਪਣੀ ਕੁਰਬਾਨੀ ਦੇ ਮਿਆਰ ਨੂੰ ਉਚੱਾ ਚੁਕੱਣ ਦੀ ਲੋੜ ਹੈ । ਇਸੇ ਪ੍ਰਕਾਰ ਹਰ ਪਧੱਰ ਦਾ ਅਹੁਦੇਦਾਰ ਛੋਟੇ ਤੋਂ ਛੋਟੇ ਪਧੱਰ ਤੋਂ ਲੈਕੇ, ਮੁਹੱਲੇ ਤੋਂ ਲੈਕੇ ਕੇਂਦਰੀ ਪਧੱਰ ਤੱਕ ਆਪਣੀ ਸਮਰਥਾ ਦਾ ਉਚਿਤ ਅੰਦਾਜ਼ਾ ਕਰਕੇ ਆਪਣੇ ਪ੍ਰਣ ਨੂੰ ਪੂਰਾ ਕਰਨ ਦਾ ਜਤਨ ਕਰ ਸਕਦਾ ਹੈ ਅਤੇ ਕਰਨਾ ਚਾਹੀਦਾ ਹੈ । ਚੇਤੇ ਰੱਖਣਾ ਚਾਹੀਦਾ ਹੈ ਕਿ ਅਲੱਾਹ ਦੀ ਨਜ਼ਰ ਦਿਲਾਂ'ਤੇ ਹੈ । ਅਤੇ ਅਲੱਾਹ ਤਆਲਾ ਤੜਪ ਤੇ ਲਗਨ ਨਾਲ ਕੰਮ ਕਰਨ ਵਾਲਿਆਂ ਦੀ ਲਗਨਤਾ ਤੇ ਨਿਹਸਵਾਰਥਤਾ ਵਿੱਚ ਬਰਕਤ ਦਿੰਦਾ ਹੈ ਅਤੇ ਉਹਨਾਂ ਨੂੰ ਆਪਣੇ ਨੇੜੇ ਥਾਂ ਦਿੰਦਾ ਹੈ । ਇਕ ਅਹੁਦੇਦਾਰ ਨੂੰ ਇਸ ਸਥਾਨ ਨੂੰ ਹਾਸਲ ਕਰਨ ਲਈ ਆਪਣੇ ਭਰਪੂਰ ਜਤਨ ਕਰਨੇ ਚਾਹੀਦੇ ਹਨ । ਅਲੱਾਹ ਤਆਲਾ ਹਰ

ਪਧੱਰ ਦੇ ਅਹੁਦੇਦਾਰ ਨੂੰ ਵੀ ਹਰ ਅਹਮਦੀ ਨੂੰ ਵੀ ਮੈਨੂੰ ਵੀ ਆਪ ਸਭ ਨੂੰ ਵੀ ਤੌਫ਼ੀਕ ਪ੍ਰਦਾਨ ਕਰੇ ਕਿ ਅਸੀਂ ਧਰਮ ਨੂੰ ਦੁਨੀਆ ਉਪੱਰ ਮੁਕਦੱਮ ਰੱਖਣ ਦੇ ਪ੍ਰਣ ਦਾ ਉਚਿਤ ਤੇ ਠੀਕ ਲਾਗੂ ਕਰਨ ਦੀ ਮਹਾਰਤ ਹਾਸਲ ਕਰ ਲਈਏ ਅਤੇ ਉਸ'ਤੇ ਅਮਲ ਕਰਨ ਵਾਲੇ ਵੀ ਹੋਈਏ ।

ਅੱਜ ਵੀ ਇਕ ਦੁੱਖ ਭਰੀ ਖ਼ਬਰ ਹੈ । ਪਾਕਿਸਤਾਨ ਵਿੱਚ ਇਕ ਸ਼ਹਾਦਤ ਹੋਈ ਹੈ । ਮੁਕਰੱਮ ਲਤੀਫ਼ ਆਲਮ ਬਟ ਸਾਹਬ ਸਪੁਤੱਰ ਮੁਕਰੱਮ ਖ਼ੁਰਸ਼ੀਦ ਆਲਮ ਬੱਟ ਸਾਹਬ ਆਫ਼ ਕਾਮਰਾ ਜ਼ਿਲਾ ਅਟਕ ਨੂੰ 15 ਅਕਤੂਬਰ ਦੀ ਰਾਤ ਸੱਤ ਵਜੇ ਉਹਨਾਂ ਦੇ ਘਰ ਦੇ ਨੇੜੇ ਦੋ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਨੇ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ( اناللهواناالیہراجعون) ਲਤੀਫ਼ ਆਲਮ ਬੱਟ ਸਾਹਬ ਦੇ ਪਰਿਵਾਰ ਦਾ ਸੰਬੰਧ ਕਾਮੋਂਕੀ ਜ਼ਿਲਾ ਗੁਜਰਾਂਵਾਲਾ ਨਾਲ ਸੀ । ਸ਼ਹੀਦ ਮਰਹੂਮ ਦੇ ਪਰਿਵਾਰ ਵਿੱਚ ਅਹਮਦੀਅਤ ਦਾ ਪੌਦਾ ਉਹਨਾਂ ਦੇ ਪਿਤਾ ਖ਼ੁਰਸ਼ੀਦ ਆਲਮ ਬਟ ਸਾਹਬ ਰਾਹੀਂ ਲੱਗਿਆ ਜਿੰਨ੍ਹਾ ਨੂੰ 1934 ਈ. ਵਿੱਚ ਬੈਅਤ ਕਰਕੇ ਜਮਾਤ ਵਿੱਚ ਦਾਖ਼ਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ । ਸ਼ਹੀਦ ਮਰਹੂਮ ਅਪ੍ਰੈਲ 1952 ਈ. ਵਿੱਚ ਗੁਜਰਾਂਵਾਲਾ ਵਿੱਚ ਪੈਦਾ ਹੋਏ । ਐਫ਼.ਏ. ਦੀ ਤਾਲੀਮ ਹਾਸਲ ਕਰਕੇ ਏਅਰ ਫ਼ੋਰਸ ਵਿੱਚ ਭਰਤੀ ਹੋ ਗਏ । 1991 ਈ. ਵਿੱਚ ਰਿਟਾਇਰ ਹੋਏ । ਸ਼ਹੀਦ ਮਰਹੂਮ ਸ਼ਹੀਦੀ ਸਮੇਂ ਨਾਜ਼ਿਮ ਇਸ਼ਾਅਤ ਅੰਸਾਰੁਲੱਾਹ ਵੱਜੋਂ ਸੇਵਾ ਦਾ ਸੁਅਵਸਰ ਪਾ ਰਹੇ ਸਨ । ਇਸ ਤੋਂ ਬਿਨਾ ਸ਼ਹੀਦ ਮਰਹੂਮ ਜ਼ਿਲਾ ਪਧੱਰ'ਤੇ ਸੈਕ੍ਰੇਟਰੀ ਜ਼ਿਆਫ਼ਤ ਅਤੇ ਖ਼ੁਦੱਾਮੁਲ ਅਹਮਦੀਆ ਵਿੱਚ ਨਾਜ਼ਿਮ ਸਿਹਤ ਜਿਸਮਾਨੀ ਵੱਜੋਂ ਵੀ ਸੇਵਾ ਕਰ ਰਹੇ ਸਨ ਸ਼ਹੀਦ ਮਰਹੂਮ ਆਲਾ ਅਖ਼ਲਾਕ ਦੇ ਮਾਲਕ ਤੇ ਰੁਹਬ ਵਾਲੇ ਵਿਅਕਤੀ ਸਨ । ਬੱਚਿਆਂ ਦੀ ਸਿੱਖਿਆ ਤੇ ਤਰਬੀਯਤ ਦਾ ਬਹੁਤ ਸ਼ੌਕ ਸੀ । ਸ਼ਹਾਦਤ ਸਮੇਂ ਉਹਨਾਂ ਦੀ ਉਮਰ 62 ਸਾਲ ਸੀ । ਵਸੀਯਤ ਫ਼ਾਰਮ ਉਹਨਾਂ ਨੇ ਭਰ ਦਿੱਤਾ ਸੀ ਅਤੇ ਅਜੇ ਪ੍ਰਾਸੇਸ ਵਿੱਚ ਸੀ, ਪਰ ਬਹਿਰਹਾਲ ਹੁਣ ਕਾਰਪ੍ਰਦਾਜ਼ ਨੂੰ ਉਹਨਾਂ ਦੀ ਵਸੀਯਤ ਨੂੰ ਪਰਵਾਨ ਕਰ ਲੈਣਾ ਚਾਹੀਦਾ ਹੈ । ਉਹਨਾਂ ਦੀ ਵਸੀਯਤ ਮੈਂ ਪਰਵਾਨ ਕਰਦਾ ਹਾਂ । ਇਸ ਲਈ ਮੂਸੀ ਵੱਜੋਂ ਜੋ ਉਹਨਾਂ ਨਾਲ ਕਾਰਵਾਈ ਕਰਨੀ ਹੈ ਉਹ ਕਾਰਪ੍ਰਦਾਜ਼ ਕਰੇ । ਅਲੱਾਹ ਤਆਲਾ ਮਰਹੂਮ ਦੇ ਦਰਜੇ ਬੁਲੰਦ ਕਰੇ ਅਤੇ ਉਹਨਾਂ ਦੇ ਪਿੱਛੇ ਰਿਹ ਜਾਣ ਵਾਲਿਆਂ ਨੂੰ ਵੀ ਹਕੀਕੀ ਸਬਰ ਤੇ ਹੌਂਸਲਾ ਪ੍ਰਦਾਨ ਫ਼ਰਮਾਏ । ਪਾਕਿਸਤਾਨ ਵਿੱਚ ਰਹਿੰਦੇ ਜਮਾਤ ਦੇ ਲੋਕਾਂ ਨੂੰ ਵੀ ਅਲੱਾਹ ਤਆਲਾ ਹਰ ਪੱਖੋਂ ਸੁਰੱਖਿਅਤ ਰੱਖੇ । ਦੁਸ਼ਮਣ ਹੁਣ ਆਪਣੀ ਦੁਸ਼ਮਣੀ ਵਿੱਚ ਵਧੱਦਾ ਹੀ ਜਾ ਰਿਹਾ ਹੈ, ਅਲੱਾਹ ਤਆਲਾ ਛੇਤੀ ਹੀ ਸਾਡੇ ਲਈ ਅਮਨ ਤੇ ਸ਼ਾਂਤੀ ਦੇ ਹਾਲਾਤ ਪੈਦਾ ਫ਼ਰਮਾਏ । ਆਮੀਨ ।


**Khulasa Khutba 17.10.2014**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131